# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ,
# ਸਮੱਗਰਾ ਸਿੱਖਿਆ ਅਭਿਆਨ, ਪੰਜਾਬ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ਼-8, ਐਸ.ਏ.ਐਸ ਨਗਰ।

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ।

**ਮੀਮੋ ਨੰ: ਏ.ਡੀ (ਵੋਕੇ.)/202019402**
**ਮਿਤੀ: 11.09.2020**

**ਵਿਸ਼ਾ: ਸਟੇਟ ਵੋਕੇਸ਼ਨਲ ਸਕੀਮ ਸਬੰਧੀ ਹਦਾਇਤਾਂ ।**

ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ ਦੀ ਪ੍ਰਧਾਨਗੀ ਹੇਠ ਮਿਤੀ 26.08.2020 ਨੂੰ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨਾਲ ਮੀਟਿੰਗ ਵਿਚ ਸਟੇਟ ਵੋਕੇਸ਼ਨਲ ਸਕੀਮ ਨੂੰ ਰੀਵਿਊ ਕੀਤਾ ਗਿਆ। ਮੀਟਿੰਗ ਵਿਚ ਲਏ ਫੈਸਲਿਆ ਅਨੁਸਾਰ ਹੇਠ ਲਿਖੇ ਅਨੁਸਾਰ ਹਦਾਇਤਾਂ ਕੀਤੀਆਂ ਜਾਦੀਆਂ ਹਨ :-

1. ਜਿਨ੍ਹਾਂ ਵੋਕੇਸ਼ਨਲ ਅਧਿਆਪਕਾਂ ਦੇ ਟਰੇਡ ਵਿਚ ਕੁੱਲ 0-5 ਵਿਦਿਆਰਥੀ ਪੜ ਰਹੇ ਹਨ, ਉਹਨਾ ਅਧਿਆਪਕਾ ਨੂੰ ਉਸ ਸਕੂਲ ਵਿਚ ਸਿਫਟ ਕਰਨ ਦੀ ਤਜਵੀਜ਼ ਭੇਜੀ ਜਾਵੇ, ਜਿਥੇ ਵੋਕੇਸ਼ਨਲ ਟਰੇਡ ਵਿਚ ਘੱਟੋ-ਘੱਟ 20 ਵਿਦਿਆਰਥੀ ਦਾਖਲ ਹੋ ਸਕਦੇ ਹਨ। ਦੋਨਾ ਸਕੂਲਾਂ ਦੇ ਪੂਰੇ ਡਾਟੇ ਅਨੁਸਾਰ ਤਜਵੀਜ਼ ਤਿਆਰ ਕੀਤੀ ਜਾਵੇ।
2. ਵੋਕੇਸ਼ਨਲ ਸਟ੍ਰੀਮ ਦੇ ਪਿਛਲੇ ਦੋ ਸਾਲ ਦੇ 10+2 ਕਲਸ ਪਾਸ ਆਉਣ ਵਿਦਿਆਰਥੀਆਂ ਦਾ ਡਾਟਾ "apprenticeshipindia.org" ਪੋਰਟਲ ਤੇ 10 ਦਿਨਾਂ ਦੇ ਵਿਚ ਅਪਲੋਡ ਕਰਵਾਇਆ ਜਾਵੇ ਤਾਂ ਜੋ ਇਹਨਾਂ ਵਿਦਿਆਰਥੀਆਂ ਨੂੰ ਰੋਜ਼ਗਾਰ ਮਿਲ ਸਕੇ। ਇਸ ਸਬੰਧ ਵਿਚ ਜਿਲ੍ਹਾ ਵੋਕੇਸ਼ਨਲ ਕੋ-ਆਰਡੀਨੇਟਰ ਦੀ ਜਿੰਮੇਵਾਰੀ ਲਗਾਈ ਜਾਵੇ।
3. ਜਿਨਾਂ ਸਕੂਲਾਂ ਵਿਚ ਵੋਕੇਸ਼ਨਲ ਟਰੇਡਾ ਦਾ Equipments/machinery ਬੰਦ ਪਈ ਹੈ, ਉਹਨਾਂ ਨੂੰ ਲੋੜਵੰਦ ਸਕੂਲਾਂ ਵਿਚ ਸਿਫਟ ਕਰਨ ਦੀ ਤਜਵੀਜ਼ ਭੇਜੀ ਜਾਵੇ।
4. ਵੋਕੇਸ਼ਨਲ ਅਧਿਆਪਕਾ ਲਈ ਕੰਮਪਿਊਟਰ ਦੀ ਟ੍ਰਨਿੰਗ Compulsory ਕੀਤੀ ਜਾਵੇ।
5. ਕੋਵਿਡ-19 ਨਾਲ ਸਬੰਧਤ ਕੰਮ-ਕਾਰ ਲਈ, ਜਿਲ੍ਹਾ ਪ੍ਰਸ਼ਾਸਨ ਵੱਲੋਂ ਅਧਿਆਪਕਾ ਦੀ ਮੰਗ ਕੀਤੀ ਜਾਂਦੀ ਹੈ ਤਾਂ ਵੋਕੇਸ਼ਨਲ ਅਧਿਆਪਕਾ ਦੀਆਂ ਲਿਸਟਾਂ ਭੇਜਿਆ ਜਾਣ।

ਇਹਨਾਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਅਤੇ ਈ-ਮੇਲ vocdpise@gmail.com ਤੇ ਮੰਗੀ ਗਈ ਸੂਚਨਾ/ਤਜਵੀਜ਼ ਭੇਜੀ ਜਾਵੇ।

**ਅਸਿਸਟੈਂਟ ਡਾਇਰੈਕਟਰ**
**(ਵੋਕੇਸ਼ਨਲ)**